Prepp
Your Personal Exams Guide

2022

# PUNJABI LITERATURE

# ਪੰਜਾਬੀ ਸਾਹਿਤ

## PART-I

## ਭਾਗ-1

(Answers must be written in Punjabi in Gurumukhi script)

(ਉੱਤਰ ਪੰਜਾਬੀ ਵਿਚ ਗੁਰਮੁਖੀ ਲਿਪੀ ਵਿਚ ਹੀ ਲਿਖੇ ਜਾਣੇ ਚਾਹੀਦੇ ਹਨ)

Maximum marks: TWO HUNDRED (200) Time allowed: THREE (3) hours

ਕੁਲ ਅੰਕ; ਦੋ ਸੌ (200) ਸਮਾਂ: ਤਿੰਨ (3) ਘੰਟੇ

Note: The paper is divided into two SECTIONS. Each SECTION contains FOUR (4) questions. Attempt FIVE (5) questions in all. Question 1 and 5 are compulsory and out of the remaining, any THREE (3) are to be attempted choosing at least ONE (1) from each SECTION.

ਨੋਟ: ਪੇਪਰ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਹਰੇਕ ਭਾਗ ਵਿੱਚ ਚਾਰ (4) ਪ੍ਰਸ਼ਨ ਹਨ। ਕੁਲ ਪੰਜ (5) ਪ੍ਰਸ਼ਨ ਕਰਨੇ ਹਨ। ਪ੍ਰਸ਼ਨ ਨੰ. 1 ਅਤੇ 5 ਲਾਜ਼ਮੀ ਹਨ ਅਤੇ ਬਾਕੀ ਬਚੇ ਪ੍ਰਸ਼ਨਾਂ ਵਿੱਚੋਂ ਹਰੇਕ ਭਾਗ ਵਿੱਚੋਂ ਘੱਟੋ-ਘੱਟ ਇਕ (1) ਪ੍ਰਸ਼ਨ ਚੁਣਦੇ ਹੋਏ ਕੋਈ ਤਿੰਨ ਪ੍ਰਸ਼ਨ ਕਰਨੇ ਹਨ।

## SECTION-A

## ਭਾਗ- A

ਪ੍ਰਸ਼ਨ 1. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 150 ਸ਼ਬਦਾਂ ਤੋਂ ਵੱਧ ਨਾ ਹੋਵੇ:

ਅੰਕ: 5x8= 40

1(a). ਪੰਜਾਬੀ ਸਵਰਾਂ ਦਾ ਵਰਗੀਕਰਨ ਕਰੋ।

1(b). ਬਣਤਰ ਦੇ ਆਧਾਰ ਉੱਤੇ ਪੰਜਾਬੀ ਵਾਕਾਂ ਦਾ ਵਰਗੀਕਰਨ ਕਰੋ।

1(c). ਮਲਵਈ ਦੀਆਂ ਧੁਨੀ ਵਿਉਂਤਕ ਅਤੇ ਵਿਆਕਰਨਕ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।

1(d). ਆਧੁਨਿਕ ਪੰਜਾਬੀ ਕਵਿਤਾ ਦੀ ਪ੍ਰਯੋਗਸ਼ੀਲ ਧਾਰਾ ਬਾਰੇ ਆਲੋਚਨਾਤਮਕ ਨੋਟ ਲਿਖੋ।

1(e). ਚਰਨ ਦਾਸ ਸਿੱਧੂ ਦੀ ਨਾਟਕ ਕਲਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਿਆਨ ਕਰੋ।

ਪ੍ਰਸ਼ਨ 2.ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 350 ਸ਼ਬਦਾਂ ਤੋਂ ਵੱਧ ਨਾ ਹੋਵੇ:

2(a). ਪੰਜਾਬੀ ਵਿਅੰਜਨਾਂ ਦਾ ਵਰਗੀਕਰਨ ਕਰੋ। 10 ਅੰਕ

2(b). ਪੰਜਾਬੀ ਭਾਸ਼ਾ ਦੇ ਲਿੰਗ-ਪ੍ਰਬੰਧ ਨੂੰ ਉਦਾਹਰਨਾਂ ਸਹਿਤ ਸਪਸ਼ਟ ਕਰੋ। 15 ਅੰਕ

Prepp
Your Personal Exams Guide

2(c). ਗੁਰਮੁਖੀ ਲਿਪੀ ਦੇ ਆਰੰਭ ਅਤੇ ਵਿਕਾਸ ਦੀ ਇਤਿਹਾਸ-ਰੇਖਾ ਉਲੀਕੋ। 15 ਅੰਕ

ਪ੍ਰਸ਼ਨ 3.ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 350 ਸ਼ਬਦਾਂ ਤੋਂ ਵੱਧ ਨਾ ਹੋਵੇ:

3(a). ਪੰਜਾਬੀ ਸਾਹਿਤ ਦੇ ਇਤਿਹਾਸਕ ਸੰਦਰਭ ਵਿਚ ਨਾਥ ਜੋਗੀਆਂ ਦੇ ਸਾਹਿਤ ਬਾਰੇ ਵਿਸਤ੍ਰਿਤ ਚਰਚਾ ਕਰੋ। 10 ਅੰਕ

3(b). ਲੋਕ ਗੀਤ ਨੂੰ ਪਰਿਭਾਸ਼ਿਤ ਕਰਦੇ ਹੋਏ ਪੰਜਾਬੀ ਲੋਕ ਗੀਤਾਂ ਦੀਆਂ ਵਿਭਿੰਨ ਵੰਨਗੀਆਂ ਬਾਰੇ ਚਰਚਾ ਕਰੋ। 15 ਅੰਕ

3(c). ਭਾਈ ਵੀਰ ਸਿੰਘ ਅਤੇ ਅਵਤਾਰ ਸਿੰਘ ਆਜ਼ਾਦ ਦੀ ਮਹਾਂਕਾਵਿ ਰਚਨਾ ਉੱਤੇ ਆਲੋਚਨਾਤਮਕ ਨੋਟ ਲਿਖੋ। 15 ਅੰਕ

ਪ੍ਰਸ਼ਨ 4.ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 350 ਸ਼ਬਦਾਂ ਤੋਂ ਵੱਧ ਨਾ ਹੋਵੇ:

4(a). ਗੁਰਦਿਆਲ ਸਿੰਘ ਦੀ ਨਾਵਲ ਕਲਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਿਆਨ ਕਰੋ। 10 ਅੰਕ

4(b). ਪੰਜਾਬੀ ਸਾਹਿਤ ਉੱਤੇ ਫ਼ਾਰਸੀ ਭਾਸ਼ਾ ਅਤੇ ਸਾਹਿਤ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰੋ। 15 ਅੰਕ

4(c). ਹਰਿਭਜਨ ਸਿੰਘ ਦੀ ਸਾਹਿਤ ਆਲੋਚਨਾ ਦੇ ਸਿਧਾਂਤਕ ਅਤੇ ਵਿਹਾਰਕ ਪੱਖਾਂ ਦਾ ਵਿਸ਼ਲੇਸ਼ਣ ਕਰੋ। 15 ਅੰਕ

## SECTION-B
## ਭਾਗ-B

ਪ੍ਰਸ਼ਨ 5. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 150 ਸ਼ਬਦਾਂ ਤੋਂ ਵੱਧ ਨਾ ਹੋਵੇ:

ਅੰਕ 5x8=40

5(a). ਫ਼ਰੀਦ-ਬਾਣੀ ਵਿਚ ਨੈਤਿਕਤਾ ਦੇ ਸੰਕਲਪ ਨੂੰ ਉਜਾਗਰ ਕਰੋ।

5(b). ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਧਾਰਮਿਕ ਆਡੰਬਰ ਦੀ ਆਲੋਚਨਾ ਕਿਸ ਪ੍ਰਕਾਰ ਹੋਈ ਹੈ?

5(c). ਕਾਵਿ ਸੰਗ੍ਰਹਿ "ਚੰਦਨਵਾੜੀ" ਵਿਚ ਨਿਹਿਤ ਪ੍ਰਮੁੱਖ ਵਿਸ਼ਿਆਂ ਉੱਤੇ ਆਲੋਚਨਾਤਮਕ ਨੋਟ ਲਿਖੋ।

5(d). "ਜ਼ਿੰਦਗੀ ਦੀ ਰਾਸ" ਪੁਸਤਕ ਦੇ ਆਧਾਰ ਉੱਤੇ ਗੁਰਬਖ਼ਸ਼ ਸਿੰਘ ਦੀ ਵਾਰਤਕ-ਸ਼ੈਲੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਉਜਾਗਰ ਕਰੋ।

5(e). ਬਲਵੰਤ ਗਾਰਗੀ ਦੁਆਰਾ ਰਚਿਤ ਨਾਟਕ "ਧੂਣੀ ਦੀ ਅੱਗ" ਦੇ ਪਾਤਰਾਂ ਉੱਤੇ ਆਲੋਚਨਾਤਮਕ ਨੋਟ ਲਿਖੋ।

Prepp
Your Personal Exams Guide

ਪ੍ਰਸ਼ਨ 6.ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 350 ਸ਼ਬਦਾਂ ਤੋਂ ਵੱਧ ਨਾ ਹੋਵੇ:

6(a). "ਆਸਾ ਦੀ ਵਾਰ" ਦਾ ਸਮਾਜ-ਸਭਿਆਚਾਰਕ ਪਰਿਪੇਖ ਉਜਾਗਰ ਕਰੋ। 10 ਅੰਕ

6(b). ਵਾਰਿਸ ਸ਼ਾਹ ਦੁਆਰਾ ਰਚਿਤ 'ਹੀਰ' ਦੀਆਂ ਕਲਾਤਮਕ ਖ਼ੂਬੀਆਂ ਦਾ ਵਰਣਨ ਕਰੋ। 15 ਅੰਕ

6(c). ਸ਼ਾਹ ਮੁਹੰਮਦ ਦੁਆਰਾ ਰਚਿਤ "ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ" ਵਿਚ ਇਤਿਹਾਸ ਦਾ ਸਾਹਿਤਕ ਰੁਪਾਂਤਰਣ ਕਿਸ ਪ੍ਰਕਾਰ ਹੋਇਆ ਹੈ? 15 ਅੰਕ

ਪ੍ਰਸ਼ਨ 7. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 350 ਸ਼ਬਦਾਂ ਤੋਂ ਵੱਧ ਨਾ ਹੋਵੇ:

7(a). "ਬਾਰਹਮਾਹ ਤੁਖਾਰੀ" ਦੇ ਦਾਰਸ਼ਨਿਕ ਪੱਖ ਦਾ ਵਿਸਤ੍ਰਿਤ ਵਰਣਨ ਕਰੋ। 10 ਅੰਕ

7(b). ਨਾਵਲ "ਚਿੱਟਾ ਲਹੂ" ਵਿਚ ਨਿਹਿਤ ਯਥਾਰਥ-ਚਿਤਰਨ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਦਾ ਵਿਸ਼ਲੇਸ਼ਣ ਕਰੋ। 15 ਅੰਕ

7(c). ਬਲਰਾਜ ਸਾਹਨੀ ਦੁਆਰਾ ਰਚਿਤ "ਮੇਰਾ ਰੂਸੀ ਸਫ਼ਰਨਾਮਾ" ਦੀ ਇਕ ਸਫ਼ਰਨਾਮੇ ਵਜੋਂ ਪਰਖ-ਪੜਚੋਲ ਕਰੋ। 15 ਅੰਕ

ਪ੍ਰਸ਼ਨ 8. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 350 ਸ਼ਬਦਾਂ ਤੋਂ ਵੱਧ ਨਾ ਹੋਵੇ:

8(a). ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਪ੍ਰਵਾਹਿਤ ਇਸ਼ਕ ਦੇ ਸੰਕਲਪ ਨੂੰ ਉਜਾਗਰ ਕਰੋ। 10 ਅੰਕ

8(b). ਬਲਵੰਤ ਗਾਰਗੀ ਦੁਆਰਾ ਰਚਿਤ ਨਾਟਕ "ਲੋਹਾ ਕੁੱਟ" ਦੇ ਕਲਾਤਮਕ ਪੱਖ ਦਾ ਵਿਸ਼ਲੇਸ਼ਣ ਕਰੋ। 15 ਅੰਕ

8(c). 'ਸਾਹਿਤਿਆਰਥ', "ਪ੍ਰਸਿੱਧ ਪੰਜਾਬੀ ਕਵੀ", ਅਤੇ "ਪੰਜਾਬੀ ਕਾਵਿ ਸ਼ਿਰੋਮਣੀ" ਪੁਸਤਕਾਂ ਦੇ ਆਧਾਰ ਉੱਤੇ ਸੰਤ ਸਿੰਘ ਸੇਖੋਂ ਦੀ ਆਲੋਚਨਾ-ਦ੍ਰਿਸ਼ਟੀ ਦੀ ਮੈਟਾ-ਆਲੋਚਨਾ ਕਰੋ। 15 ਅੰਕ